ਦਫ਼ਤਰ ਸਟੇਟ ਟਰਾਂਸਪੋਰਟ ਕਮਿਸ਼ਨਰ, ਪੰਜਾਬ, ਚੰਡੀਗੜ੍ਹ
ਐਸ.ਸੀ.ਓ 177-178 ਸੈਕਟਰ17 ਸੀ।

ਵੱਲ

ਸਮੂਹ ਰਜਿਸਟ੍ਰਿੰਗ ਅਥਾਰਟੀਜ,
ਪੰਜਾਬ ਰਾਜ ।

ਨੰ:DSTP-26/92/2024-Policy2/ 173
ਮਿਤੀ 20/02/2024

ਵਿਸ਼ਾ: ਆਰ.ਸੀਜ ਦੇ ਬੈਕ ਲਾਗ ਸਬੰਧੀ।

ਉਪਰੋਕਤ ਵਿਸੇ ਦੇ ਸਬੰਧ ਵਿੱਚ ।

2 ਵਿਸਾ ਅੰਕਿਤ ਮਾਮਲੇ ਸਬੰਧੀ ਆਪਨੂੰ ਆਰ.ਸੀਜ ਦੇ ਬੈਕਲਾਗ ਸਬੰਧੀ ਪ੍ਰੋਫਾਰਮਾ ਭੇਜਿਆ ਜਾਂਦਾ ਹੈ ਅਤੇ ਲਿਖਿਆ ਜਾਂਦਾ ਹੈ ਕਿ ਆਰ.ਸੀਜ ਦੇ ਬੈਕਲਾਗ ਸਬੰਧੀ ਇਸ ਪ੍ਰੋਫਾਰਮੇ ਨੂੰ ਮੁੰਕਮਲ ਕਰਕੇ ਭੇਜਿਆ ਜਾਵੇ ਅਤੇ ਉਸ ਤੋ ਬਿਨ੍ਹਾਂ ਕੋਈ ਵੀ ਅਰਜ਼ੀ ਪ੍ਰਵਾਨ ਨਹੀ ਕੀਤੀ ਜਾਵੇਗੀ।

ਨੱਥੀ ਲਿਸਟ

ਡਿਪਟੀ ਸਟੇਟ ਟਰਾਂਸਪੋਰਟ ਕਮਿਸ਼ਨਰ, ਪੰਜਾਬ।

ਪਿੱਠ ਅੰਕਣ ਨੰ: ਨੰ: DSTP-26/92/2024-Policy2/ 174 ਮਿਤੀ 20/02/2024

ਉਪਰੋਕਤ ਦਾ ਉਤਾਰਾ ਪ੍ਰਜੈਕਟ ਕੋਆਡੀਨੇਟਰ ਸ੍ਰੀ ਅਸੀਸ ਸਿੰਘ ਨੂੰ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਿਪਟੀ ਸਟੇਟ ਟਰਾਂਸਪੋਰਟ ਕਮਿਸ਼ਨਰ, ਪੰਜਾਬ।

ਵਲੋਂ

_______, ਰਿਜ਼ਨਲ ਟਰਾਂਸਪੋਰਟ ਅਥਾਰਟੀ,

______________________________।

ਵੱਲ

ਸਟੇਟ ਟਰਾਂਸਪੋਰਟ ਕਮਿਸ਼ਨਰ,

ਪੰਜਾਬ।

ਨੰਬਰ: ਮਿਤੀ:

ਵਿਸ਼ਾ:- **ਮੈਨੂਅਲ ਕਾਪੀ ਉੱਤੇ ਜਾਰੀ ਰਜਿਸਟਰੇਸ਼ਨ ਨੰਬਰ_____ ਦਾ ਵਾਹਨ Vahan 4.0 ਵੈਬ ਪੋਰਟਲ ਵਿੱਚ ਬੈਕਲਾਗ ਕਰਨ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਦੇ ਧਿਆਨ ਵਿੱਚ ਲਿਆਇਆ ਜਾਂਦਾ ਹੈ ਕਿ ਆਪ ਜੀ ਦੇ ਦਫਤਰ ਵਲੋਂ ਜਾਰੀ ਮੈਨੂਅਲ ਕਾਪੀ ਉੱਤੇ ਜਾਰੀ ਰਜਿਸਟਰੇਸ਼ਨ ਨੰਬਰਾਂ ਦਾ ਵਾਹਨ Vahan 4.0 ਵੈਬ ਪੋਰਟਲ ਵਿੱਚ ਬੈਕਲਾਗ ਕਰਨ ਸਬੰਧੀ ਪੱਤਰ ਨੰ: STC-P(P-2)/ ਮਿਤੀ : ਦੀ ਹਦਾਇਤਾਂ ਅਨੁਸਾਰ ਇਹ ਤਸਦੀਕ ਕੀਤਾ ਜਾਂਦਾ ਹੈ ਕਿ ਦਫਤਰ ਰਿਕਾਰਡ ਮੁਤਾਬਿਕ ਉਪਰੋਕਤ ਰਜਿਸਟਰੇਸ਼ਨ ਨੰਬਰ ਨਾਲ ਸਬੰਧਤ ਵਾਹਨ ਦੀ ਮਲਕੀਅਤ ਅਤੇ ਵਾਹਨ ਜਿਸ ਉੱਤੇ ਇਹ ਨੰਬਰ ਲੱਗਿਆ ਹੈ ਦੀ ਮਲਕੀਅਤ ਇੱਕੋ ਹੀ ਹੈ ਅਤੇ ਇਹ ਵੀ ਤਸਦੀਕ ਕੀਤਾ ਜਾਂਦਾ ਹੈ ਕਿ ਉਪਰੋਕਤ ਰਜਿਸਟਰੇਸ਼ਨ ਨੰਬਰ ਅਸਲ ਤੌਰ ਤੇ ਨਿਮਨ ਹਸਤਾਖਰ ਅਥਾਰਟੀ ਨਾਲ ਹੀ ਸਬੰਧਤ ਹੈ।

ਉਪਰੋਕਤ ਰਜਿਸਟਰੇਸ਼ਨ ਨੰਬਰ ਨਾਲ ਸਬੰਧਤ ਤਸਦੀਕ ਸੁਦਾ ਦਸਤਾਵੇਜ ਨਾਲ ਨੱਥੀ ਹਨ:-

1. ਬਿਨੈਕਾਰ ਵਲੋਂ ਪ੍ਰਾਪਤ ਪੱਤਰ ਦੀ ਕਾਪੀ (ਅਨੁਲੱਗ-ੳ)।
2. ਵਾਹਨ ਦੀ ਆਰ.ਸੀ. ਦੀ ਕਾਪੀ ਜੋ ਕਿ ਬਿਨੈਕਾਰ ਦੇ ਨਾਮ ਉੱਤੇ ਰਜਿਸਟਰ ਹੈ (ਅਨੁਲੱਗ-ਅ)।
3. ਦਫਤਰੀ ਰਿਕਾਰਡ(ਰਜਿਸਟਰ ਦੀ ਕਾਪੀ)ਜਿਸ ਵਿੱਚ ਬਿਨੈਕਾਰ ਦੀ ਮਲਕੀਅਤ ਸਬੰਧੀ ਇੰਦਰਾਜ ਹਨ(ਅਨੁਲੱਗ-ੲ)।
4. ਉਪਰੋਕਤ ਰਜਿਸਟਰੇਸ਼ਨ ਨੰਬਰ ਜਿਸ ਵਾਹਨ ਉੱਤੇ ਲੱਗਾ ਹੈ, ਉਸ ਵਾਹਨ ਦੀ ਭੌਤਿਕ ਜਾਂਚ ਸਬੰਧੀ ਰਿਪੋਰਟ ਨਾਲ ਨੱਥੀ ਹੈ(ਅਨਲੱਗ-ਸ)।

ਉਪਰੋਕਤ ਰਜਿਸਟਰੇਸ਼ਨ ਨੰਬਰ ਨਾਲ ਸਬੰਧਤ ਨੱਥੀ ਦਸਤਾਵੇਜ ਮੇਰੇ ਵਲੋਂ ਨਿੱਜੀ ਤੌਰ ਤੇ ਘੋਖ ਕੇ ਤਸਦੀਕ ਕੀਤੇ ਗਏ ਹਨ ਅਤੇ ਸਹੀ ਪਾਏ ਗਏ ਹਨ। ਇਸ ਲਈ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਕਤ ਨੰਬਰ ਨੂੰ ਵਾਹਨ 4.0 ਸਾਫਟਵੇਅਰ ਵਿੱਚ ਖੋਲਣ ਦੀ ਕ੍ਰਿਪਾਲਤਾ ਕੀਤੀ ਜਾਵੇ ਤਾਂ ਜੋ ਅਗਲੇਰੀ ਕਾਰਵਾਈ ਕੀਤੀ ਜਾ ਸਕੇ।

_______, ਰਿਜ਼ਨਲ ਟਰਾਂਸਪੋਰਟ ਅਥਾਰਟੀ,

______________________________।

ਪਿੱਠ.ਐ.ਨੰ./ ਮਿਤੀ:

ਉਪਰੋਕਤ ਦਾ ਉਤਾਰਾ VAHAN Administrator, ਪੰਜਾਬ ਨੂੰ ਸੂਚਨਾ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ।

_______, ਰਿਜ਼ਨਲ ਟਰਾਂਸਪੋਰਟ ਅਥਾਰਟੀ,

______________________________।